# Meeting between Prime Minister and H.E. Dr. Angela Merkel, Chancellor of the Federal Republic of Germany on the sidelines of the G20 Leaders Summit

October 31, 2021

## ਪ੍ਰਧਾਨ ਮੰਤਰੀ ਅਤੇ ਜਰਮਨੀ ਸੰਘ ਗਣਰਾਜ ਦੇ ਚਾਂਸਲਰ ਮਹਾਮਹਿਮ ਡਾ. ਅੰਜਲਾ ਮਰਕਲ ਦੇ ਦਰਮਿਆਨ ਜੀ-20 ਲੀਡਰਸ ਸਮਿਟ ਦੇ ਦੌਰਾਨ ਬੈਠਕ

**ਅਕਤੂਬਰ 31, 2021**

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ 31 ਅਕਤੂਬਰ 2021 ਨੂੰ ਇਟਲੀ ਦੇ ਰੋਮ ਵਿੱਚ ਜੀ-20 ਸਮਿਟ ਦੇ ਦੌਰਾਨ ਜਰਮਨੀ ਸੰਘ ਗਣਰਾਜ ਦੇ ਚਾਂਸਲਰ ਡਾ. ਅੰਜਲਾ ਮਰਕਲ ਨਾਲ ਮੁਲਾਕਾਤ ਕੀਤੀ।

ਦੀਰਘਕਾਲੀ ਆਪਸੀ ਸਹਿਯੋਗ ਅਤੇ ਵਿਅਕਤੀਗਤ ਮਿੱਤਰਤਾ ਨੂੰ ਯਾਦ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਸਿਰਫ਼ ਜਰਮਨੀ ਵਿੱਚ ਹੀ ਨਹੀਂ ਬਲਕਿ ਯੂਰਪੀ ਅਤੇ ਆਲਮੀ ਪੱਧਰ 'ਤੇ ਵੀ ਅਗਵਾਈ ਦੇ ਲਈ ਚਾਂਸਲਰ ਮਰਕਲ ਦੀ ਸਰਾਹਨਾ ਕੀਤੀ। ਉਨ੍ਹਾਂ ਨੇ ਡਾ. ਮਰਕਲ ਦੇ ਉੱਤਰਾਧਿਕਾਰੀ ਦੇ ਨਾਲ ਡੂੰਘੀ ਰਣਨੀਤਕ ਸਾਂਝੇਦਾਰੀ ਜਾਰੀ ਰੱਖਣ ਪ੍ਰਤੀ ਆਪਣੀ ਪ੍ਰਤੀਬਧਤਾ ਵਿਅਕਤ ਕੀਤੀ।

ਦੋਹਾਂ ਨੇਤਾਵਾਂ ਨੇ ਭਾਰਤ ਅਤੇ ਜਰਮਨੀ ਦੇ ਦਰਮਿਆਨ ਨਿਕਟ ਦੁਵੱਲੇ ਸਹਿਯੋਗ 'ਤੇ ਤਸੱਲੀ ਪ੍ਰਗਟਾਈ ਅਤੇ ਆਪਸੀ ਵਪਾਰ ਤੇ ਨਿਵੇਸ਼ ਨਾਲ ਜੁੜੇ ਸਬੰਧਾਂ ਨੂੰ ਹੋਰ ਗਹਿਰਾ ਬਣਾਉਣਾ ਦਾ ਸੰਕਲਪ ਲਿਆ। ਉਹ ਹਰਿਤ ਹਾਈਡ੍ਰੋਜਨ ਸਹਿਤ ਨਵੇਂ ਖੇਤਰਾਂ ਵਿੱਚ ਭਾਰਤ-ਜਰਮਨੀ ਰਣਨੀਤਕ ਸਾਂਝੇਦਾਰੀ ਦੇ ਦਾਇਰੇ ਦਾ ਵਿਸਤਾਰ ਕਰਨ 'ਤੇ ਵੀ ਸਹਿਮਤ ਹੋਏ।

ਪ੍ਰਧਾਨ ਮੰਤਰੀ ਨੇ ਡਾ. ਮਰਕਲ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਦੇ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ।

**ਰੋਮ,**
**ਅਕਤੂਬਰ 31, 2021**

DISCLAIMER: This is an approximate translation. The original is available in English on MEA's website and may be referred to as the official press release.